Ph. 227662

# ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ: ਸਿ:) ਮਾਨਸਾ

ਇਸ ਜ਼ਿਲ੍ਹੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਚਲਾਉਣ ਵਾਸਤੇ ਪ੍ਰਬੰਧਕੀ ਢਾਂਚਾ ਇਸ ਤਰ੍ਹਾਂ ਕੰਮ ਕਰਦਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:ਸਿ:) ਵਿਭਾਗ ਦੇ ਮੁਖੀ ਹੁੰਦੇ ਹਨ। ਉਹਨਾਂ ਦੀ ਸਹਾਇਤਾ ਲਈ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਅਸਾਮੀ ਹੁੰਦੀ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:ਸਿ:) ਦਾ ਦਫ਼ਤਰ ਜ਼ਿਲ੍ਹਾ ਕੰਪਲੈਕਸ ਵਿਖੇ ਦੂਸਰੀ ਮੰਜਿਲ ਤੇ ਕਮਰਾ ਨੰਬਰ 50 ਵਿੱਚ ਸਥਿਤ ਹੈ।

ਜ਼ਿਲ੍ਹੇ ਵਿੱਚ ਕੁੱਲ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਗਿਣਤੀ 272 ਹੈ। ਜ਼ਿਲ੍ਹੇ ਵਿੱਚ ਕੁੱਲ ਪ੍ਰਾਇਮਰੀ ਟੀਚਰਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ।

| | |
|---|---|
| ਜੇ.ਬੀ.ਟੀ. | 979 |
| ਹੈਡ ਟੀਚਰ | 184 |
| ਸੈਂਟਰ ਹੈਡ ਟੀਚਰ | 34 |
| ਕੁੱਲ ਗਿਣਤੀ | 1197 |

ਸਕੂਲ ਪੱਧਰ ਤੇ ਸਕੂਲ ਦਾ ਮੁਖੀ ਹੈਡ ਟੀਚਰ ਹੁੰਦਾ ਹੈ ਅਤੇ ਸੈਂਟਰ ਪੱਧਰ ਤੇ ਸੈਂਟਰ ਹੈਡ ਟੀਚਰ, ਜਿਸ ਦੇ ਅਧੀਨ 8-10 ਸਕੂਲ ਹੁੰਦੇ ਹਨ, ਜਿਨ੍ਹਾਂ ਦਾ ਉਸ ਨੇ ਸਮੇਂ ਸਮੇਂ ਨਿਰੀਖਣ ਕਰਨਾ ਹੁੰਦਾ ਹੈ। ਵਿਭਾਗ ਵਲੋਂ ਮੰਗੀ ਗਈ ਸੂਚਨਾ ਸਾਰੇ ਸਕੂਲਾਂ ਵਿੱਚੋਂ ਇਕੱਠੀ ਕਰਨੀ ਹੁੰਦੀ ਹੈ। ਕਈ ਵਾਰ ਬਲਾਕ ਪੱਧਰ ਦੀ ਮੀਟਿੰਗ ਵਿੱਚ ਭਾਗ ਲੈਣ ਲਈ ਦਫ਼ਤਰ ਬੀ.ਪੀ.ਈ.ਓ. ਵਿੱਚ ਜਾਣਾ ਹੁੰਦਾ ਹੈ। ਬਲਾਕ ਪੱਧਰ ਤੇ ਬੀ.ਪੀ.ਈ.ਓ ਸਮੁੱਚੇ ਬਲਾਕ ਦਾ ਇੰਚਾਰਜ ਹੁੰਦਾ ਹੈ। ਜਿਸ ਦੇ ਅਧੀਨ 40-100 ਪ੍ਰਾਇਮਰੀ ਸਕੂਲ ਹੁੰਦੇ ਹਨ। ਬੀ.ਪੀ.ਈ.ਓ. ਦਾ ਕੰਮ ਸਾਰੇ ਬਲਾਕਾਂ ਵਿੱਚ ਬੱਚਿਆਂ ਦੀ ਗਿਣਤੀ, ਪੜ੍ਹਾਈ ਅਤੇ ਟੀਚਰਾਂ ਦੀ ਗਿਣਤੀ ਸਬੰਧੀ ਯੋਗ ਉਪਰਾਲੇ ਕਰਨੇ ਹੁੰਦੇ ਹਨ। ਬਲਾਕ ਪੱਧਰ ਤੇ ਸਾਰੇ ਸਕੂਲਾਂ ਦੀਆਂ ਸਮੱਸਿਆਵਾਂ ਦੇ ਹੋਣ ਵਾਲੇ ਹੱਲ ਕਰਨੇ ਹੁੰਦੇ ਹਨ। ਆਪਣੇ ਪੱਧਰ ਤੇ ਹੱਲ ਨਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਜ਼ਿਲ੍ਹਾ ਸਿੱਖਿਆ ਦਫ਼ਤਰ ਭੇਜਣਾ ਹੁੰਦਾ ਹੈ। ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸਮੁੱਚੇ ਜ਼ਿਲ੍ਹੇ ਦਾ ਇੰਚਾਰਜ ਹੈ, ਜਿਸ ਪਾਸ 272 ਸਕੂਲਾਂ ਤੋਂ ਇਲਾਵਾ ਗ੍ਰਾਂਟ ਏਡਿਡ/ਮਾਨਤਾ ਪ੍ਰਾਪਤ/ਗੈਰ ਮਾਨਤਾ ਪ੍ਰਾਪਤ ਸਕੂਲਾਂ ਦਾ ਪ੍ਰਬੰਧ ਵੀ ਹੁੰਦਾ ਹੈ। ਜੋ ਵੀ ਸ਼ਿਕਾਇਤ ਪ੍ਰਾਪਤ ਹੋਈ ਹੋਵੇ ਉਸ ਨੂੰ ਦੂਰ ਕਰਨ ਦੇ ਯੋਗ ਉਪਰਾਲੇ ਕਰਨੇ ਹੁੰਦੇ ਹਨ। ਉਸ ਤੇ ਜੋ ਵੀ ਕਾਰਵਾਈ ਪ੍ਰਬੰਧਕੀ ਅਧਾਰ ਤੇ ਹੋਵੇ ਜਾਂ ਕਿਸੇ ਹੋਰ ਪੱਧਰ ਦੀ ਹੋਵੇ, ਨੂੰ ਕਰਨ ਦੇ ਪੂਰੇ ਅਧਿਕਾਰ ਹੁੰਦੇ ਹਨ। ਜਿਹੜੇ ਕੰਮ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਕਰਨ ਦੇ ਸਮਰੱਥ ਨਹੀਂ ਹੁੰਦੇ ਉਸ ਨੂੰ ਡਾਇਰੈਕਟਰ ਪੱਧਰ ਤੇ ਭੇਜਿਆ ਜਾਂਦਾ ਹੈ।

**2. ਚੱਲ ਰਹੀਆਂ ਸਕੀਮਾਂ ਦਾ ਵੇਰਵਾ:**

ੳ) ਵਿਭਾਗ ਵਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਹਾਜ਼ਰੀ ਵਜੀਫਾ ਦਿੱਤਾ ਜਾਂਦਾ ਹੈ ।

| ਸਾਲ | ਰਾਸ਼ੀ | ਵੰਡੀ ਗਈ | ਬਕਾਇਆ |
|---|---|---|---|
| 1999-2000 | 54,17,000 | 54,17,000 | ਨਿੱਲ |
| 2000-2001 | 28,00,000 | 24,70,000 | 3,30,000 |
| 2001-2002 | 7,00,000 | 7,00,000 | ਨਿੱਲ |

ਅ) ਭਲਾਈ ਵਿਭਾਗ ਪੰਜਾਬ ਵਲੋਂ ਅਨੁਸੂਚਿਤ ਜਾਤੀ ਦੇ ਪਹਿਲੀ ਤੋਂ ਪੰਜਵੀਂ ਤੱਕ ਦੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ ।

ੲ) ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹ ਰਹੇ ਸਾਰੇ ਬੱਚਿਆਂ ਨੂੰ ਦੁਪਹਿਰ ਦੇ ਖਾਣੇ ਦੀ ਸਕੀਮ ਅਧੀਨ (ਮਿਡ-ਡੇ-ਮੀਲਜ) ਦਸ ਮਹੀਨਿਆਂ ਲਈ 3 ਕਿੱਲੋ ਪ੍ਰਤੀ ਬੱਚਾ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਕਣਕ ਦਿੱਤੀ ਜਾ ਰਹੀ ਹੈ ।

ਸ) ਸਿੱਖਿਆ ਵਿਭਾਗ (ਪ੍ਰਾ:) ਵਲੋਂ ਇਸ ਸਾਲ ਵਿੱਚ 08 ਅਧਿਆਪਕਾਂ ਨੂੰ ਸਕਾਊਟ ਦੀ ਟਰੇਨਿੰਗ ਦਿੱਤੀ ਗਈ ।

**3.** ਜਿਹੜੇ ਵੀ ਪਿੰਡ ਵਾਸੀ ਨੂੰ ਕੋਈ ਵੀ ਪੜ੍ਹਾਈ ਸਬੰਧੀ/ਅਧਿਆਪਕਾਂ ਦੀ ਘਾਟ ਸਬੰਧੀ ਜਾਂ ਸਕੂਲ ਨੂੰ ਮਿਲਣ ਵਾਲੀ ਸਰਕਾਰੀ ਸਹੂਲਤ ਸਬੰਧੀ/ਇਮਾਰਤ ਦੀ ਘਾਟ ਆਦਿ ਦੀ ਸਕੂਲ ਵਿੱਚ ਕਮੀ ਦੀ ਸ਼ਿਕਾਇਤ ਹੁੰਦੀ ਹੈ ਤਾਂ ਉਹ ਸਬੰਧਤ ਸਕੂਲ ਮੁਖੀ/ਬੀ.ਪੀ.ਈ.ਓ. ਰਾਹੀਂ ਇਸ ਦਫ਼ਤਰ ਦੇ ਧਿਆਨ ਵਿੱਚ ਲਿਆਉਂਦੇ ਹਨ । ਜੇ ਸ਼ਿਕਾਇਤ ਦਾ ਨਿਪਟਾਰਾ ਜਾਂ ਮਾਲੀ ਮੱਦਦ ਆਦਿ ਦੇ ਲਈ ਇਹ ਦਫ਼ਤਰ ਸਮਰੱਥ ਹੁੰਦਾ ਹੈ ਤਾਂ ਉਸ ਨੂੰ ਬੜੇ ਸੁਚਾਰੂ ਢੰਗ ਨਾਲ ਹੱਲ ਕੀਤਾ ਜਾਂਦਾ ਹੈ ਅਤੇ ਹਰ ਸ਼ਿਕਾਇਤ ਦਾ ਹੱਲ ਪਹਿਲ ਦੇ ਅਧਾਰ ਤੇ ਹੁੰਦਾ ਹੈ । ਜਿਹੜੀ ਸਮੱਸਿਆ ਇਸ ਦਫ਼ਤਰ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੁੰਦੀ ਤਾਂ ਉਸ ਦੇ ਹੱਲ ਲਈ ਡਾਇਰੈਕਟਰ ਪੱਧਰ ਜਾ ਹੋਰ ਵਿਭਾਗੀ ਪੱਧਰ ਤੇ ਉਪਰਾਲੇ ਕੀਤੇ ਜਾਂਦੇ ਹਨ ।

**4.** ਬੱਚਿਆਂ ਨੂੰ ਸਿਹਤ ਵੱਲੋਂ ਠੀਕ ਕਰਨ ਲਈ ਸਮੇਂ ਸਮੇਂ ਮੈਡੀਕਲ ਚੈੱਕ-ਅਪ ਕੈਂਪ ਲਗਾਏ ਜਾਂਦੇ ਹਨ । ਖੇਡਾਂ ਦੀ ਵਧੇਰੇ ਰੁਚੀ ਪੈਦਾ ਕਰਨ ਲਈ ਸਮੇਂ ਸਮੇਂ ਬਲਾਕ ਪੱਧਰ/ਤਹਿਸੀਲ ਪੱਧਰ/ਜ਼ਿਲ੍ਹਾ ਪੱਧਰ ਤੇ ਖੇਡਾਂ ਕਰਵਾਈਆਂ ਜਾਂਦੀਆਂ ਹਨ । ਚੰਗੀ ਕਾਰਗੁਜ਼ਾਰੀ ਵਾਲੇ ਬੱਚਿਆਂ ਨੂੰ ਯੋਗ ਹੌਸਲਾ ਅਫਜਾਈ ਇਨਾਮ ਵੀ ਦਿੱਤੇ ਜਾਂਦੇ ਹਨ ।

ਵਿਭਾਗ ਵਲੋਂ ਜੋ ਵਿਦਿਆਰਥੀ ਪੰਜਵੀਂ ਜਮਾਤ ਵਿੱਚ ਬਲਾਕ ਪੱਧਰ/ਜ਼ਿਲ੍ਹਾ ਪੱਧਰ ਤੇ ਪਹਿਲੇ, ਦੂਜੇ, ਤੀਜੇ ਨੰਬਰ ਤੇ ਆਉਂਦੇ ਹਨ, ਉਹਨਾਂ ਨੂੰ ਰਾਜ ਪੱਧਰ ਤੇ ਮਾਨਯੋਗ ਸਿੱਖਿਆ ਮੰਤਰੀ, ਡਾਇਰੈਕਟਰ ਸਿੱਖਿਆ ਵਿਭਾਗ ਅਤੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਅਗਵਾਈ ਹੇਠ ਹੋਣ ਵਾਲੇ ਸਮਾਰੋਹ ਵਿੱਚ ਸਨਮਾਨਤ ਕੀਤਾ ਜਾਂਦਾ ਹੈ ।